ਪੰਜਾਬ ਸਰਕਾਰ
ਸਕੂਲ ਸਿੱਖਿਆ ਵਿਭਾਗ

ਵੱਲ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ / ਐ.ਸਿ),
ਸਮੂਹ ਸਕੂਲ ਮੁੱਖੀ (ਵੈਬ ਸਾਈਟ ਰਾਹੀਂ),
ਪੰਜਾਬ।

ਮੀਮੋ ਨੰ: 215-ICT/2018-19/Misc/21118 ਮਿਤੀ :24-07-2019

ਵਿਸ਼ਾ:- ਵਿਦਿਆਰਥੀਆਂ ਨੂੰ ਲਾਇਬ੍ਰੇਰੀ ਦੀਆਂ ਪੁਸਤਕਾਂ ਪੜ੍ਹਨ ਲਈ ਪ੍ਰੇਰਿਤ ਕਰਨ ਹਿੱਤ ਵਿਸ਼ੇਸ਼ ਮੁਹਿੰਮ " ਪੁਸਤਕ ਲਹਿਰ " (15 ਜੁਲਾਈ ਤੋਂ 15 ਅਗਸਤ 2019) ਸਬੰਧੀ ।

1. ਮੁੱਖ ਦਫਤਰ ਦੇ ਅਧਿਕਾਰੀਆਂ ਵੱਲੋਂ ਵੱਖ-ਵੱਖ ਸਕੂਲਾਂ ਦੇ ਵਿਜ਼ਿਟ ਦੌਰਾਨ ਵੇਖਿਆ ਗਿਆ ਕਿ ਬਹੁਤ ਸਾਰੇ ਸਕੂਲਾਂ ਵੱਲੋਂ ਬੱਚਿਆਂ ਨੂੰ ਕਿਤਾਬਾਂ ਪੜ੍ਹਨ ਲਈ ਵੱਖ-ਵੱਖ ਢੰਗ ਨਾਲ ਪ੍ਰੇਰਿਤ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਲਾਇਬ੍ਰੇਰੀਅਨਜ਼ ਦੀ ਲਗਾਈ ਵਰਕਸਾਪ ਵਿੱਚ ਇਹ ਮਹਿਸੂਸ ਕੀਤਾ ਗਿਆ ਕਿ ਸਕੂਲੀ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਨਾਲ ਵੱਧ ਤੋਂ ਵੱਧ ਜੋੜਿਆ ਜਾਵੇ। ਸਰਕਾਰੀ ਸਕੂਲਾਂ ਦੇ ਅਧਿਅਪਕ ਜੋ ਕਿ ਬਹੁਤ ਵਧੀਆਂ ਲੇਖਕ ਉੱਘੇ ਸਾਹਿਤਕਾਰ ਹਨ ਨੇ ਮੁੱਖ ਦਫਤਰ ਵਿਖੇ ਮੀਟਿੰਗਾਂ ਦੌਰਾਨ ਦੱਸਿਆਂ ਕਿ ਵੱਧ ਤੋ ਵੱਧ ਸਾਹਿਤ ਪੜ੍ਹਨ ਨਾਲ ਵਿਦਿਆਰਥੀਆਂ ਦੀ ਸੋਚ ਦਾ ਦਾਇਰਾ ਵੱਡਾ ਹੁੰਦਾ ਹੈ ਅਤੇ ਵਿਦਿਆਰਥੀਆਂ ਵਿੱਚ ਸਿਰਜਨਾਤਮਿਕ ਰੁਚੀ ਪੈਦਾ ਕਰਨ ਲਈ ਲੋਕ ਸਾਹਿਤ ਦਾ ਅਹਿਮ ਯੋਗਦਾਨ ਹੁੰਦਾ ਹੈ। ਸਕੂਲਾਂ ਦੀਆਂ ਲਾਇਬ੍ਰੇਰੀਆਂ ਵਿੱਚ ਬਹੁਤ ਕਿਤਾਬਾਂ ਹਨ ਜੋ ਕਿ ਕਈ ਵਾਰ ਅਲਮਾਰੀਆ ਦਾ ਸ਼ਿੰਗਾਰ ਬਣ ਕਿ ਰਹਿ ਜਾਂਦੀਆ ਹਨ। ਸੋ ਸਮੇਂ ਦੀ ਲੋੜ ਹੈ ਕਿ ਲਾਇਬ੍ਰੇਰੀ ਦੀਆਂ ਵੱਧ ਤੋਂ ਵੱਧ ਕਿਤਾਬਾਂ ਵਿਦਿਆਰਥੀਆਂ ਦੇ ਹੱਥਾਂ ਵਿੱਚ ਹੋਣੀਆ ਚਾਹੀਦੀਆ ਹਨ।

2. ਉਪਰੋਕਤ ਦੇ ਸਬੰਧ ਵਿੱਚ ਵਿਭਾਗ ਨੇ 15 ਜੁਲਾਈ ਤੋਂ 15 ਅਗਸਤ 2019 ਤੱਕ ਇੱਕ " ਪੁਸਤਕ ਲਹਿਰ " ਤਹਿਤ ਵਿਸ਼ੇਸ ਮੁਹਿੰਮ ਚਲਾਉਣ ਦਾ ਫੈਸਲਾ ਕੀਤਾ ਹੈ।

3. ਇਸ ਮੁਹਿੰਮ ਤਹਿਤ ਸਕੂਲ ਮੁੱਖੀ ਅਤੇ ਅਧਿਆਪਕ ਸਵੇਰ ਦੀ ਸਭਾ ਵਿੱਚ ਵਿਦਿਆਰਥੀਆਂ ਨੂੰ ਲਾਇਬ੍ਰੇਰੀ ਦੀਆਂ ਕਿਤਾਬਾਂ ਪੜ੍ਹਨ ਲਈ ਉਤਸਾਹਿਤ ਕਰਨ। ਸਕੂਲ ਮੁੱਖੀ ਦੁਆਰਾ ਅਪਣੀ ਦੇਖ-ਰੇਖ ਵਿੱਚ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਉਮਰ ਵਰਗ ਅਨੁਸਾਰ ਕਿਤਾਬਾਂ ਦੀ ਵੰਡ ਕਰਵਾਈ ਜਾਵੇ। ਇਸ ਸਬੰਧੀ ਫੋਟੋਜ਼ ਸ਼੍ਰੀ ਸੰਦੀਪ ਨਾਗਰ, ਡਿਪਟੀ ਐਸ.ਪੀ.ਡੀ.(ਆਈ.ਸੀ.ਟੀ.) ਦੇ ਮੋਬਾਇਲ ਨੰਬਰ 98148-56100 ਤੇ Whatsapp ਰਾਹੀਂ ਭੇਜੀਆ ਜਾਣ।

4. ਵਿਦਿਆਰਥੀ ਦੁਆਰਾ ਪੜ੍ਹੀ ਗਈ ਕਿਤਾਬ ਸਬੰਧੀ ਉਸਦੇ ਵਿਚਾਰ ਸਵੇਰ ਦੀ ਸਭਾ ਵਿੱਚ ਸੁਣੇ ਜਾਣ, ਚੰਗਾ ਹੋਵੇ ਜੇਕਰ ਵਿਦਿਆਰਥੀਆਂ ਵੱਲੋਂ ਪੜ੍ਹੀ ਗਈ ਕਿਤਾਬ ਬਾਰੇ ਉਹਨਾਂ ਨੂੰ ਅਪਣੇ ਵਿਚਾਰ ਲਿਖਣ ਲਈ ਕਿਹਾ ਜਾਵੇ। ਚੰਗੀਆਂ ਲਿਖਤਾਂ ਨੂੰ ਸਕੂਲ ਦੇ ਸਲਾਨਾ ਮੈਗਜ਼ੀਨ ਵਿੱਚ ਯੋਗ ਸਥਾਨ ਦਿੱਤਾ ਜਾਵੇ। ਵਿਦਿਆਰਥੀਆਂ ਦੁਆਰਾ ਪੜ੍ਹੀਆ ਗਈਆ ਕਿਤਾਬਾਂ ਦੇ ਅਧਾਰ ਤੇ ਅੰਤਰ ਹਾਊਸ ਕੁਇਜ਼ ਮੁਕਾਬਲੇ, ਲੇਖ ਮੁਕਾਬਲੇ ਆਦਿ ਕਰਵਾਏ ਜਾਣ।

5. ਇਸ ਮੁਹਿੰਮ ਦੇ ਆਖਿਰ ਵਿੱਚ ਕਿਸੇ ਪ੍ਰਸਿੱਧ ਹਸਤੀ, ਸਾਹਿਤਕਾਰ, ਲੇਖਕ, ਕਲਾਕਾਰ, ਪੁਰਾਣੇ ਵਿਦਿਆਰਥੀ, ਸਿੱਖਿਆ ਸ਼ਾਸਤਰੀ ਜਾਂ ਕਿਸੇ ਵਿਦਵਾਨ ਆਦਿ ਦੇ Lecture ਕਰਵਾਏ ਜਾਣ ਤਾਂ ਜੋ ਉਹ ਵਿਦਿਆਰਥੀਆਂ ਨੂੰ ਜੀਵਨ ਵਿੱਚ ਲਾਇਬ੍ਰੇਰੀ ਦੀ ਮਹੱਤਤਾ ਬਾਰੇ ਦੱਸਣ।

ਸਕੱਤਰ, ਸਕੂਲ ਸਿੱਖਿਆ,
ਪੰਜਾਬ।

ਮੀਮੋ ਨੰ. ਉਕਤ
ਮਿਤੀ :

1. ਉਪਰੋਕਤ ਦਾ ਉਤਾਰਾ ਸਬੰਧਤ DM's/ BM ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਹ ਵੀ ਸਕੂਲ ਵਿਜਿਟ ਦੌਰਾਨ ਇਸ ਮੁਹਿੰਮ ਵਿੱਚ ਵੱਧ ਚੜ੍ਹ ਤਕੇ ਯੋਗਦਾਨ ਪਾਉਣ ਅਤੇ ਵਿਦਿਆਰਥੀਆਂ ਤੋਂ ਉਨ੍ਹਾਂ ਦੁਆਰਾ ਪੜ੍ਹੀਆਂ ਗਈਆ ਕਿਤਾਬਾਂ ਸਬੰਧੀ Feedback ਲੈਣ।

ਸਕੱਤਰ, ਸਕੂਲ ਸਿੱਖਿਆ,
ਪੰਜਾਬ।